Punjabi | ਪੰਜਾਬੀ

NSW STATE EMERGENCY SERVICE

# ਆਪਣੇ ਹੜ੍ਹ ਦੇ ਖ਼ਤਰੇ ਨੂੰ ਜਾਣੋ

## ਆਪਣੇ ਹੜ੍ਹ ਦੇ ਖ਼ਤਰੇ ਬਾਰੇ ਪਤਾ ਕਰੋ

- ਆਪਣੇ ਹੜ੍ਹ ਦੇ ਖ਼ਤਰੇ ਬਾਰੇ ਸਥਾਨਕ ਜਾਣਕਾਰੀ ਲਈ ਆਪਣੀ ਕੌਂਸਲ ਨਾਲ ਸੰਪਰਕ ਕਰੋ।
- ਹੜ੍ਹਾਂ ਦੀ ਸਥਾਨਕ ਜਾਣਕਾਰੀ ਲਈ ਆਪਣੀ ਸਥਾਨਕ NSW SES ਯੂਨਿਟ ਨਾਲ ਸੰਪਰਕ ਕਰੋ। **NSW SES ਦੀ ਵੈੱਬਸਾਈਟ** 'ਤੇ ਸਥਾਨਕ ਹੜ੍ਹ ਦੀ ਜਾਣਕਾਰੀ ਵੀ ਹੋ ਸਕਦੀ ਹੈ।
- ਪਹਿਲਾਂ ਆਏ ਹੜ੍ਹਾਂ ਦੀ ਜਾਣਕਾਰੀ ਲਈ ਆਪਣੇ ਗੁਆਂਢੀਆਂ ਅਤੇ ਉਨ੍ਹਾਂ ਵਸਨੀਕਾਂ ਨਾਲ ਗੱਲ ਕਰੋ ਜੋ ਲੰਬੇ ਸਮੇਂ ਤੋਂ ਇਸ ਖੇਤਰ ਵਿੱਚ ਰਹਿੰਦੇ, ਕੰਮ ਕਰਦੇ ਜਾਂ ਆਉਂਦੇ-ਜਾਂਦੇ ਰਹਿੰਦੇ ਹਨ।
- ਆਪਣੇ ਘਰ, ਕਾਰੋਬਾਰ ਜਾਂ ਜਾਇਦਾਦ ਦੀ ਜ਼ਮੀਨੀ ਉਚਾਈ ਦਾ ਪਤਾ ਕਰੋ, ਇਹ ਹੜ੍ਹ ਨਾਲ ਪ੍ਰਭਾਵਿਤ ਹੋ ਸਕਦੇ ਹਨ। ਇਹ ਜਾਣਕਾਰੀ ਤੁਹਾਡੀ ਕੌਂਸਲ ਕੋਲੋਂ ਉਪਲਬਧ ਹੋਣੀ ਚਾਹੀਦੀ ਹੈ।
- ਯਕੀਨੀ ਬਣਾਓ ਕਿ ਤੁਹਾਡੇ ਕੋਲ ਆਪਣੇ ਘਰ ਅਤੇ ਜਾਇਦਾਦ ਨੂੰ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਸਹੀ ਬੀਮਾ ਪਾਲਿਸੀ ਹੈ।



## ਹੜ੍ਹਾਂ ਦੇ ਪ੍ਰਭਾਵਾਂ ਤੋਂ ਸੁਚੇਤ ਰਹੋ

ਹੜ੍ਹ ਦੇ ਬਹੁਤ ਸਾਰੇ ਪ੍ਰਭਾਵ ਹੁੰਦੇ ਹਨ, ਉਦਾਹਰਨ ਲਈ:

- ਤੁਹਾਡੇ ਘਰ, ਕਾਰੋਬਾਰ ਜਾਂ ਜਾਇਦਾਦ ਨੂੰ ਨੁਕਸਾਨ ਪਹੁੰਚਣਾ
- ਬਿਜਲੀ ਅਤੇ ਪਾਣੀ ਦੀ ਸਪਲਾਈ ਦਾ ਬੰਦ ਹੋ ਜਾਣਾ
- ਦੂਸਰਿਆਂ ਤੋਂ ਵੱਖ ਹੋ ਜਾਣਾ। ਭਾਵੇਂ ਤੁਹਾਡੀ ਜਾਇਦਾਦ ਵਿੱਚ ਹੜ੍ਹ ਨਹੀਂ ਆਉਂਦਾ, ਪਰ ਤੁਸੀਂ ਹੜ੍ਹ ਦੇ ਪਾਣੀ ਨਾਲ ਘਿਰ ਸਕਦੇ ਹੋ
- ਸੰਚਾਰ ਕਨੈਕਸ਼ਨਾਂ ਦਾ ਟੁੱਟ ਜਾਣਾ
- ਗੰਦੇ ਪਾਣੀ ਦੀ ਨਿਕਾਸੀ ਵਾਲੀ ਪ੍ਰਣਾਲੀ (ਸੀਵਰੇਜ ਸਿਸਟਮ) ਵਿੱਚ ਖ਼ਰਾਬੀ ਆਉਣਾ
- ਸੜਕਾਂ, ਪੁਲਾਂ ਅਤੇ ਉਨ੍ਹਾਂ ਥਾਵਾਂ 'ਤੇ ਹੜ੍ਹ ਦਾ ਪਾਣੀ, ਜਿੱਥੋਂ ਤੁਸੀਂ ਲੰਘਦੇ ਹੋ

ਜਾਨ-ਲੇਵਾ ਸਥਿਤੀਆਂ ਵਿੱਚ **ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ**

ਹੜ੍ਹ, ਤੂਫ਼ਾਨ ਅਤੇ ਸੁਨਾਮੀ ਲਈ ਐਮਰਜੈਂਸੀ ਵਿੱਚ ਸਹਾਇਤਾ ਵਾਸਤੇ **NSW SES** ਨੂੰ **132 500** 'ਤੇ ਫ਼ੋਨ ਕਰੋ।

**www.ses.nsw.gov.au/languages**

@NSWSES | NSWSES | NSWSES

Punjabi | ਪੰਜਾਬੀ

SES
NSW STATE EMERGENCY SERVICE

# ਆਪਣੇ ਹੜ੍ਹ ਦੇ ਖ਼ਤਰੇ ਨੂੰ ਜਾਣੋ

## ਜਾਣੋ ਕੀ ਕਰਨਾ ਹੈ ਅਤੇ ਕਿੱਥੇ ਜਾਣਾ ਹੈ



ਆਪਣੇ ਘਰ, ਕਾਰੋਬਾਰ ਅਤੇ ਜਾਇਦਾਦ ਲਈ ਐਮਰਜੈਂਸੀ ਯੋਜਨਾਵਾਂ ਬਣਾਓ। ਆਪਣੀ ਦੇਖਭਾਲ ਵਿਚਲੇ ਸਾਰੇ ਲੋਕਾਂ ਅਤੇ ਜਾਨਵਰਾਂ ਲਈ ਯੋਜਨਾ ਬਣਾਓ।



ਆਪਣੀ ਐਮਰਜੈਂਸੀ ਯੋਜਨਾ ਨੂੰ ਪਰਿਵਾਰ, ਗੁਆਂਢੀਆਂ ਅਤੇ ਨਾਲ ਕੰਮ ਕਰਨ ਵਾਲਿਆਂ ਨਾਲ ਸਾਂਝਾ ਕਰੋ ਅਤੇ ਬਾਕਾਇਦਾ ਇਸ ਦੀ ਸਮੀਖਿਆ ਕਰੋ।



ਵੱਖ-ਵੱਖ ਸੜਕਾਂ ਬੰਦ ਹੋਣ ਦੇ ਹਾਲਾਤਾਂ ਲਈ ਯਾਤਰਾ ਕਰਨ ਦੇ ਸੁਰੱਖਿਅਤ ਰਸਤਿਆਂ ਦੀ ਯੋਜਨਾ ਬਣਾਓ।



ਜਲਦੀ ਛੱਡ ਕੇ ਚਲੇ ਜਾਣ ਦੀ ਯੋਜਨਾ ਬਣਾਓ।




ਜਾਣ ਲਈ ਸੁਰੱਖਿਅਤ ਜਗ੍ਹਾ ਦਾ ਪ੍ਰਬੰਧ ਕਰੋ ਜੋ ਹੜ੍ਹ ਦੇ ਖ਼ਤਰੇ ਵਾਲੇ ਇਲਾਕੇ ਤੋਂ ਬਾਹਰ ਹੋਵੇ, ਉਦਾਹਰਨ ਲਈ ਕਿਸੇ ਦੋਸਤ ਜਾਂ ਰਿਸ਼ਤੇਦਾਰ ਦਾ ਘਰ। ਜੇਕਰ ਇਹ ਕੋਈ ਵਿਕਲਪ ਨਹੀਂ ਹੈ, ਤਾਂ ਕਿਸੇ ਠਾਹਰ ਲੈਣ ਵਾਲੇ ਕੇਂਦਰ ਵਿੱਚ ਜਾਣ ਦੀ ਯੋਜਨਾ ਬਣਾਓ।

## ਐਮਰਜੈਂਸੀ ਕਿੱਟ ਤਿਆਰ ਕਰੋ



ਵਾਧੂ ਬੈਟਰੀਆਂ ਦੇ ਨਾਲ ਚੁੱਕਵਾਂ (ਪੋਰਟੇਬਲ) ਰੇਡੀਓ



ਵਾਧੂ ਬੈਟਰੀਆਂ (ਸੈੱਲਾਂ) ਸਮੇਤ ਟਾਰਚ



ਮੁੱਢਲੀ ਸਹਾਇਤਾ (ਫ਼ਸਟ ਏਡ) ਕਿੱਟ (ਤੁਹਾਡੇ ਪਰਿਵਾਰ ਵਾਸਤੇ ਲੋੜੀਂਦੀਆਂ ਚੀਜ਼ਾਂ ਦੇ ਨਾਲ)



ਮੋਮਬੱਤੀਆਂ ਅਤੇ ਪਾਣੀ ਨਾਲ ਨਾ ਭਿੱਜਣ ਵਾਲਿਆਂ ਮਾਚਿਸਾਂ




## ਸੂਚਿਤ ਰਹੋ

ਉਹਨਾਂ ਖੇਤਰਾਂ ਵਾਸਤੇ ਜਿੰਨ੍ਹਾਂ ਵਿੱਚ ਤੁਸੀਂ ਰਹਿੰਦੇ ਹੋ, ਕੰਮ ਕਰਦੇ ਹੋ ਅਤੇ ਜਾਂਦੇ ਹੋ, ਆਪਣੀਆਂ ਮੋਬਾਈਲ ਡਿਵਾਈਸਾਂ 'ਤੇ **ਹੈਜ਼ਰਡਜ਼ ਨੀਅਰ ਮੀ** ਐਪ ਨੂੰ ਡਾਊਨਲੋਡ ਕਰੋ ਅਤੇ **ਚੌਕਸੀ ਵਾਲੇ ਖ਼ੇਤਰ (ਵਾਚ ਜ਼ੋਨ)** ਬਣਾਓ।

ਜਾਨ-ਲੇਵਾ ਸਥਿਤੀਆਂ ਵਿੱਚ **ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ**

ਹੜ੍ਹ, ਤੂਫ਼ਾਨ ਅਤੇ ਸੁਨਾਮੀ ਲਈ ਐਮਰਜੈਂਸੀ ਵਿੱਚ ਸਹਾਇਤਾ ਵਾਸਤੇ **NSW SES** ਨੂੰ **132 500** 'ਤੇ ਫ਼ੋਨ ਕਰੋ।

**www.ses.nsw.gov.au/languages**

@NSWSES NSWSES NSWSES